

# ਬਿਰਤਾਂਤ ਸਿਰਜਣ ਦੀ ਜੰਗ

## (ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ)

**ਡਾ. ਗੁਰਦੀਪ ਸਿੰਘ**

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਗੁਰੂ ਨਾਨਕ ਕਾਲਜ, ਬੁਢਲਾਡਾ
✆ 94177-86546

ਬਿਰਤਾਂਤ ਦੀ ਜੰਗ (ਪੰਜਾਬ ਦੇ ਹਵਾਲੇ ਨਾਲ) ਦਾ ਸੁਆਲ ਬੜਾ ਅਹਿਮ ਹੈ। ਸਾਹਿਤ ਸਿਰਜਣਾ ਦੇ ਹਵਾਲੇ ਨਾਲ ਇਸ ਸੁਆਲ ਦਾ ਉੱਤਰ ਤਲਾਸ਼ੀਏ ਤਾਂ ਇਸਦੀ ਦੀ ਆਪਣੀ ਸੂਖਮ ਅਤੇ ਧਿਰਨੁਮਾ ਰਾਜਨੀਤੀ ਹੈ। ਸੱਤਾ, ਲੋਕ-ਮਨ ਅਤੇ ਅਕਾਦਮਿਕਤਾ ਦੇ ਬਿਰਤਾਂਤ ਦੀ ਆਪਸੀ ਸਾਂਝ ਹੈ, ਇਹ ਸਾਂਝ ਵਿਚ ਆਪਣੀ ਤਰ੍ਹਾਂ ਦੀ ਸਿਆਸਤ ਅਤੇ ਸੰਵਾਦ ਹੈ। ਖਾਸ ਰਹਿਤਲੀ ਪਛਾਣ (ਇਥੇ ਰਹਿਤਲੀ ਪਛਾਣ, ਪੰਜਾਬ ਸਭਿਆਚਾਰਕ ਪਛਾਣ ਲਈ ਵਰਤਿਆ ਗਿਆ ਹੈ) ਜਿਹੜੀ ਵੱਖਰੀ ਹੋਂਦ ਨਾਲ ਜੁੜਦੀ ਹੈ ਅਤੇ ਜਿਸਦਾ ਆਪਣਾ ਮੌਲਿਕ ਖਾਸਾ ਹੁੰਦਾ ਹੈ ਉਥੇ ਇਨ੍ਹਾਂ ਤਿੰਨਾਂ ਦੀ ਆਪਸੀ ਸਾਂਝ ਅਤੇ ਸੂਖਮ ਸਿਆਸਤ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ। ਪੰਜਾਬ ਦੇ ਬਿਰਤਾਂਤ (ਇਥੇ ਬਿਰਤਾਂਤ ਅਕਾਦਮਿਕ ਚਿੰਤਨ ਦੀ ਪਰਿਭਾਸ਼ਾ ਤੋਂ ਪਾਰ ਦੇ ਅਰਥ ਰੱਖਦਾ ਹੈ) ਨੂੰ ਅਕਾਦਮਿਕਤਾ ਦੇ ਖੇਤਰ ਤੋਂ ਬਾਹਰ ਜਦੋਂ ਅਸੀਂ ਵਿਚਾਰਦੇ ਹਾਂ ਤਾਂ ਸਾਡੇ ਸਾਹਮਣੇ ਪੰਜਾਬ ਦੇ ਬਿਰਤਾਂਤ ਦੀ ਵੱਖਰੀ ਪਰੰਪਰਾ ਬਣਦੀ ਹੈ। 'ਅਕਾਦਮਿਕ ਕਲਚਰ' ਨੇ ਇਸ ਬਿਰਤਾਂਤ ਦੀ ਉਸ ਵੱਖਰੀ ਪਰੰਪਰਾ ਦੀ ਥਾਂ ਨਵਾਂ ਕੁਝ ਸਿਰਜਣ ਵੱਲ ਆਪਣੀ ਉਤਸੁਕਤਾ ਵਿਖਾਈ ਹੈ। ਪੰਜਾਬ ਦੀ ਰਹਿਤਲੀ ਹੋਂਦ ਨੂੰ ਕੇਂਦਰ ਵਿਚ ਰੱਖ ਕੇ ਜਦੋਂ ਅਸੀਂ ਇਸ ਰਹਿਤਲ ਦੇ ਪਛਾਣ ਚਿੰਨ੍ਹਾਂ ਨੂੰ ਸਮਝਣ ਦਾ ਥੋੜ੍ਹਾ ਯਤਨ ਕਰਦੇ ਹਾਂ ਤਾਂ ਸਾਡੇ ਸਾਹਮਣੇ 'ਪਰੰਪਰਾ', 'ਆਧੁਨਿਕਤਾ' ਅਤੇ 'ਸਮਕਾਲ' ਦਾ ਇਕ ਵੱਡਾ ਸਿਧਾਂਤਕੀ ਰੌਲਾ ਹੈ ਅਤੇ ਦੂਜਾ ਜਿਸਨੂੰ ਅਕਾਦਮਿਕਤਾ ਦੀ ਭਾਸ਼ਾ ਵਿਚ 'ਕਲਚਰ' ਕਿਹਾ ਜਾਂਦਾ ਹੈ ਇਸਨੇ ਪੰਜਾਬ ਦੀ 'ਰਹਿਤਲ' ਦੇ ਪਛਾਣ ਚਿੰਨ੍ਹ ਤਲਾਸ਼ਦਿਆਂ ਨਵੀਂ ਤਰ੍ਹਾਂ ਦਾ ਬਿਰਤਾਂਤ ਸਿਰਜਿਆ ਹੈ, ਇਹ ਠੀਕ ਹੈ ਕਿ ਉਹ ਪਛਾਣ ਚਿੰਨ੍ਹ ਬਣ ਸਕਦੇ ਹਨ ਪਰ ਪੰਜਾਬ ਦੇ ਧਰਾਤਲ ਅਨੁਸਾਰ ਸਬਰ, ਸੰਤੋਖ ਅਤੇ ਵਿਚਾਰ ਹੀ ਇਸਦੀ ਰਹਿਤਲੀ ਪਛਾਣ ਦੇ ਮੂਲ਼ ਬਣਦੇ ਹਨ। ਇਥੋਂ ਜਿਹੜੀ ਗੱਲ ਸਮਝ ਪੈਂਦੀ ਹੈ ਕਿ 'ਕਲਚਰ' ਦੇ ਹਵਾਲੇ ਨਾਲ ਸਿਰਜੇ ਇਸ ਬਿਰਤਾਂਤ ਨੇ ਬਹੁਤ ਸਾਰੇ ਮਸਲੇ ਸਾਡੇ ਸਾਹਮਣੇ ਲਿਆਂਦੇ ਹਨ, ਇਸ ਗੱਲ ਨੂੰ ਵੀ ਸਮਝਣ ਦੀ ਜਰੂਰਤ ਹੈ। ਇਥੋਂ ਜਿਹੜਾ ਨੁਕਤਾ ਬਣਦਾ ਹੈ ਕਿ ਆਧੁਨਿਕਤਾ ਦੇ ਸਿਰਜੇ ਬਿਰਤਾਂਤ ਰਾਹੀਂ ਅਸੀਂ ਕਿੰਨਾ ਕੁਝ ਗੁਆ ਲਿਆ ਹੈ ਅਤੇ ਕਿੰਨਾ ਕੁਝ ਉਸ ਰੱਦਣ ਤੋਂ ਬਾਅਦ ਉਸਦੀ ਥਾਂ ਸਿਰਜ ਲਿਆ ਹੈ, ਇਹ ਬੜਾ ਅਹਿਮ ਨੁਕਤਾ ਹੈ। ਅਸੀਂ 'ਆਧੁਨਿਕਤਾ' ਸ਼ਬਦ ਵਰਤਦਿਆਂ ਹੀ 'ਪਰੰਪਰਾ' ਨੂੰ ਰੱਦ ਕਰ ਦਿੰਦੇ ਹਾਂ ਕਿਉਂਕਿ ਸਾਡੀ ਅਕਾਦਮਿਕ ਪੜ੍ਹਤ ਨੇ 'ਪਰੰਪਰਾ' ਨੂੰ ਜਿਸ ਤਰ੍ਹਾਂ ਸਮਝਾਇਆ ਜਾਂ ਜਿਸ ਤਰ੍ਹਾਂ ਅਸੀਂ ਉਸਦਾ ਖਾਕਾ ਤਿਆਰ ਕੀਤਾ, ਉਸ ਵਿਚ ਅਸੀਂ ਉਸਨੂੰ 'ਪੁਰਾਣੇ' ਅਤੇ 'ਨਵੇਂ' ਵਜੋਂ ਸਮਝ ਲਿਆ ਹੈ। 'ਪੁਰਾਣੇ' ਤੇ 'ਨਵੇਂ' ਵਜੋਂ ਸਿਰਜੇ ਬਿਰਤਾਂਤ ਨੇ ਬਹੁਤ ਕੁਝ ਰੱਦ ਕੀਤਾ ਹੈ ਅਤੇ ਉਸਦੇ ਬਦਲ ਵਜੋਂ ਬਹੁਤ ਕੁਝ ਨਵਾਂ ਸਿਰਜ ਲਿਆ ਹੈ। ਅਕਾਦਮਿਕ ਬਿਰਤਾਂਤ ਵਿਚ 'ਪਰੰਪਰਾ' ਦੀ ਜੋ ਪਰਿਭਾਸ਼ਾ ਸਾਹਮਣੇ ਆਈ ਉਸ ਵਿਚ 'ਲਗਾਤਾਰਤਾ' ਤਾਂ ਹੈ ਪਰ ਇਸ ਲਗਾਤਾਰਤਾ ਦਾ ਬਿਰਤਾਂਤ ਕੀ ਹੋਵੇ? ਇਹ ਉਸ ਰੂਪ ਵਿਚ ਨਹੀਂ ਆਇਆ ਜਿਸ ਨਾਲ ਸਿਰਜਣਾ ਵਿਚ ਬਹੁਤੀ ਥਾਂ ਨਵਾਂ ਸਿਰਜਣ ਵੱਲ ਗੱਲ ਤੁਰੀ। ਸਿਰਜਣਾ ਦੇ ਹਵਾਲੇ ਨਾਲ ਵੇਖੀਏ ਤਾਂ ਬਹੁਤ ਕੁਝ ਪੁਨਰ-ਸਿਰਜਿਤ ਕਰਨ ਦਾ ਮਾਡਲ ਸਾਡੇ ਸਾਹਮਣੇ ਆਇਆ ਪਰ ਉਸ ਨਾਲ ਵੱਡੀਆਂ ਸਮੱਸਿਆਵਾਂ ਸਾਹਮਣੇ ਆਈਆਂ। ਸੁਆਲ ਇਹ ਨਹੀਂ ਕਿ ਪਰੰਪਰਾ ਰੱਦ ਕਰਨੀ ਹੈ, ਜਾਂ ਹੋ ਜਾਂਦੀ ਹੈ, ਜਾਂ ਕਰਨੀ ਚਾਹੀਦੀ ਹੈ। ਸੁਆਲ ਇਸ ਤੋਂ ਅਗਾਂਹ ਦਾ ਹੈ ਤੋੜੀ ਜਾ ਰਹੀ/ ਰੱਦ ਕੀਤੀ ਜਾ ਰਹੀ/ਪੁਨਰ ਸਿਰਜਤ ਪਰੰਪਰਾ ਦਾ ਆਪਣਾ ਉਸ ਖਿੱਤੇ ਦੇ ਬਿਰਤਾਂਤ ਵਿਚ ਕੀ ਨਿਭਾਅ ਹੈ? ਜਦੋਂ ਅਸੀਂ ਪੰਜਾਬ ਦੇ ਪ੍ਰਸੰਗ ਵਿਚ 'ਬਿਰਤਾਂਤ ਦੀ ਜੰਗ' ਨੂੰ ਆਧਾਰ ਬਣਾ ਕੇ 'ਪਰੰਪਰਾ' ਨੂੰ ਸਮਝਣ/ਸਮਝਾਉਣ/ਵਿਖਿਆਉਣ ਦਾ ਯਤਨ ਕਰਨਾ ਹੈ ਤਾਂ ਸਾਨੂੰ ਉਨ੍ਹਾਂ ਸੁਆਲਾਂ ਨਾਲ ਸੰਵਾਦ ਸਿਰਜਣਾ ਪੈਣਾ ਹੈ ਜਿਹੜੇ ਪਿਛਲੇ ਦਹਾਕੇ ਤੋਂ ਜਾਂ 1990 ਤੋਂ ਬਾਅਦ ਜਾਂ ਆਧੁਨਿਕਤਾ ਦੇ ਆਉਣ ਨਾਲ ਆਪਣੇ ਆਪ ਕੇਂਦਰ ਵਿਚ ਆਉਂਦੇ ਹਨ। ਸਾਡੇ ਲਈ ਇਥੇ ਇਹ ਨੁਕਤਾ ਬੇਹੱਦ ਅਹਿਮ ਹੈ ਕਿ ਸਿੱਖ ਧਰਮ ਦੀ ਪਰੰਪਰਾ ਨੂੰ ਇਹ ਸਾਹਿਤ ਸਿਰਜਣਾ ਬਿਲਕੁਲ ਉਸੇ ਰੂਪ ਵਿਚ ਸਮਝਦੀ ਹੈ ਜਿਵੇਂ ਬਾਕੀ ਲਈ ਸਿਰਜਣਾ ਵਿਚ ਬਿਰਤਾਂਤ ਸਿਰਜਿਆ ਗਿਆ ਹੈ। ਜਦੋਂ ਅਸੀਂ 'ਕਲਚਰ' ਦੀ ਪਰਿਭਾਸਾ ਤਿਆਰ ਕਰਦਿਆਂ, ਸਾਂਝਾ ਨੁਕਤਾ ਲੱਭਦੇ ਹਾਂ ਕਿ 'ਸਭਿਆਚਾਰ ਪਰਿਵਰਤਨਸ਼ੀਲ ਹੁੰਦਾ ਹੈ', ਤਾਂ ਸੁਆਲ ਬਣਦਾ ਹੈ ਕਿ ਕਿਹੜਾ ਕਲਚਰ ਪਰਿਵਰਤਨਸ਼ੀਲ ਹੈ? ਇਸ ਧਾਰਨਾ ਨੂੰ ਅਧਾਰ ਬਣਾ ਕੇ ਇਤਿਹਾਸ ਵਿਚ ਪਈਆਂ ਉਹ ਰਮਜ਼ਾਂ ਜਿੰਨਾਂ ਵਿਚ


(ਪੰਨੇ 124-129)
**www.sanvad.org**
ISSN : 2395-1273

ਪਰਿਵਰਤਨ ਅਸੰਭਵ ਹੈ, ਕਈ ਥਾਈਂ ਸਾਹਿਤ ਸਿਰਜਣਾ ਉਨ੍ਹਾਂ ਨੂੰ ਨਵਿਆਉਣ ਲੱਗ ਜਾਂਦੀ ਹੈ। ਇਸ ਨੁਕਤੇ ਨੂੰ ਸਮਝਣ ਲਈ ਪਰੰਪਰਾ ਵਿਚ ਚਿੰਨ੍ਹ ਦੇ ਹਵਾਲੇ ਨਾਲ ਥੋੜ੍ਹਾ ਵਿਸਥਾਰ ਦੇਣ ਦੀ ਕੋਸ਼ਿਸ਼ ਕਰਦੇ ਹਾਂ। ਉਤਰ- ਆਧੁਨਿਕੀ ਚਿੰਤਨ (ਜਿਸ ਵਿਚ ਛੋਟੀਆਂ ਪਛਾਣਾਂ ਨੂੰ ਉਭਾਰਨ ਦਾ ਬੜਾ ਅਹਿਮ ਨੁਕਤਾ ਜਿਹੜਾ ਮਾਨਵਤਾ ਦੀ ਖਾਸ ਤਰ੍ਹਾਂ ਦੀ ਮਿੱਥ ਸਿਰਜਦਾ ਹੈ) ਵਿਚ ਮਾਨਵਤਾ ਦਾ ਵਿਵਹਾਰਿਕ ਪਹਿਲੂ ਕਿਸ ਤਰ੍ਹਾਂ ਦਾ ਹੈ, ਇਹ ਇਸ ਸਮੇਂ ਸਮਝਣਾ ਪੈਣਾ ਹੈ। ਖਿੱਤਿਆਂ ਦੀਆਂ ਰਹਿਤਲੀ ਪਛਾਣਾਂ ਜਿਸਨੂੰ ਉਤਰ ਆਧੁਨਿਕ ਦੌਰ ਵਿਚ ਛੋਟੀਆਂ ਪਛਾਣਾਂ ਦੇ ਪੱਖੋਂ ਵੇਖਣਾ ਬਣਦਾ ਹੈ, ਉਨ੍ਹਾਂ ਨੂੰ ਜਿਸ ਤਰ੍ਹਾਂ ਵੱਡੀਆਂ ਪਛਾਣਾਂ ਆਪਣੇ ਅੰਦਰ ਜਜ਼ਬ ਕਰ ਰਹੀਆਂ ਹਨ। ਇਹ ਸਿਰਫ ਜਜ਼ਬ ਹੀ ਨਹੀਂ ਕਰ ਰਹੀਆਂ, ਇਨ੍ਹਾਂ ਦੀ ਮੂਲ ਖਸਲਤ ਨੂੰ ਬਾਹਰੀ ਦਿੱਖ ਤੋਂ ਜਿਉਂ ਦਾ ਤਿਉਂ ਰੱਖ ਕੇ ਇਨ੍ਹਾਂ ਅੰਦਰਲੀ 'ਪਹੁੰਚ' ਨੂੰ 'ਵਿਸ਼ਵ ਪਹੁੰਚ' ਜਾਂ ਇਥੋਂ ਦੇ ਧਰਾਤਲ ਨੂੰ 'ਭਾਰਤੀ ਪਹੁੰਚ' ਦੇ ਪੱਖ ਤੋਂ ਨਵੇਂ ਅਰਥ ਦੇ ਰਹੀਆਂ ਹਨ। ਇਥੋਂ ਜਿਹੜੀ ਸਮੱਸਿਆ ਸਮਝ ਪੈਂਦੀ ਹੈ ਕਿ ਕਿਸੇ ਖਿੱਤੇ ਦੇ ਮੌਲਿਕ 'ਚਿੰਨ੍ਹ' ਵਰਤਕੇ ਉਨ੍ਹਾਂ ਚਿੰਨ੍ਹਾਂ ਨੂੰ ਕਿਸੇ ਹੋਰ ਅਰਥ ਵਿਚ ਸਾਹਮਣੇ ਲਿਆਂਦਾ ਜਾਂਦਾ ਹੈ। ਇਹ ਚਿੰਨ੍ਹ ਜੜਤ ਪੱਖ ਤੋਂ ਮੂਲ ਹਨ ਪਰ ਇਨ੍ਹਾਂ ਨੂੰ ਜਿਸ ਤਰ੍ਹਾਂ ਨਵੇਂ ਰੂਪ ਵਿਚ ਢਾਲਿਆ ਜਾ ਰਿਹਾ ਹੈ, ਇਹ ਛੋਟੀ ਰਹਿਤਲੀ ਪਛਾਣ ਨੂੰ ਵੱਡੀ ਸਭਿਆਚਾਰਕ ਪਛਾਣ ਵਿਚ ਜਜ਼ਬ ਕਰਨਾ ਹੀ ਹੈ। ਡਾ. ਗੁਰਭਗਤ ਸਿੰਘ ਜਿਹੜੀ ਗੱਲ ਵਿਸਮਾਦੀ ਪੂੰਜੀ ਦੇ ਮਾਧਿਅਮ ਰਾਹੀਂ ਸਾਹਮਣੇ ਲਿਆ ਰਹੇ ਹਨ ਉਸ ਵਿਚੋਂ ਸਮਝ ਪੈਂਦਾ ਹੈ ਕਿ "ਪੂੰਜੀਵਾਦ, ਸਮਾਜਵਾਦ, ਵੱਖ-ਵੱਖ ਕਿਸਮ ਦੇ ਰੱਬ ਦਾਤੀ, ਹਥੌੜਾ, ਚੰਨ ਆਦਿ ਸਭ ਚਿੰਨ੍ਹ ਇਕਾਂਗੀ ਹੋ ਕੇ ਪਥਰਾ ਗਏ ਹਨ। ਇਸ ਲਈ ਇਨ੍ਹਾਂ ਨੂੰ ਇਤਿਹਾਸ ਅਤੇ ਉਤਰ-ਆਧੁਨਿਕਤਾ ਦੀ ਛੈਣੀ ਤਰਾਸ਼ ਰਹੀ ਹੈ। ਸਾਪੇਖ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦੀਆਂ ਸੀਮਾਵਾਂ ਸਾਹਮਣੇ ਲਿਆਂਦੀਆਂ ਜਾ ਰਹੀਆਂ ਹਨ। ਹਰ ਤਰਾਸ਼ੇ ਜਾ ਰਹੇ ਚਿੰਨ੍ਹ ਨੂੰ ਨਵਾਂ ਜੀਵਨ, ਨਵੀਂ ਸ਼ਕਤੀ, ਨਵੀਂ ਦਿੱਖ ਦੇਣ ਲਈ ਨਵੀਂਆਂ ਵਸਤੂਆਂ ਤਿਆਰ ਕੀਤੀਆਂ ਜਾ ਰਹੀਆਂ ਹਨ।"[1] ਜਿਸ ਰਾਜਨੀਤਕ ਖਤਰੇ ਜਾਂ ਸੱਤਾ ਦਾ ਫਿਕਰ ਗੁਰਭਗਤ ਸਿੰਘ ਨੇ ਵਿਸਮਾਦੀ ਪੂੰਜੀ ਰਾਹੀਂ ਸਾਂਝਾ ਕੀਤਾ ਸੀ ਕਿ "ਸਿੱਖ ਇਨਕਲਾਬ ਦੇ ਵਿਸ਼ਵੀ ਹੋ ਸਕਣ ਵਾਲੇ ਬਹੁ-ਪਰਤੀ ਵਿਸਮਾਦੀ ਚਿੰਨ੍ਹ ਨੂੰ ਮੁੜ ਕੇ ਇਕ-ਪਰਤੀ ਨਾ ਬਣਾ ਲਿਆ ਜਾਵੇ। ਇਸਨੂੰ ਇਕੋ ਪਾਸਾਰ, ਇਕੋ ਅਰਥ ਦੇ ਕੇ ਨਿਰਕੁੰਸ਼ ਨਾ ਕਰ ਲਿਆ ਜਾਵੇ।"[2] ਜਦੋਂ ਅਸੀਂ ਇਸ ਦਲੀਲ ਦੀ ਲੋਅ ਵਿਚ ਵੀਹਵੀਂ ਸਦੀ ਦੀ ਸਾਹਿਤ ਸਿਰਜਣਾ ਖਾਸਕਰ ਕਵਿਤਾ ਨੂੰ ਸਮਝਣ ਦਾ ਯਤਨ ਕਰਦੇ ਹਾਂ ਤਾਂ ਸਮਝ ਪੈਂਦਾ ਹੈ ਕਿ ਪੰਜਾਬ ਦੀ ਰਹਿਤਲੀ ਪਛਾਣ ਜਿਸ ਦੇ ਮੂਲ ਚਿੰਨ੍ਹ ਨੇ ਆਪਣੀ ਵਿਰਾਸਤ/ਫੋਕ ਵਿਚ ਆਪਣਾ ਖਾਸਾ ਸਿਰਜਣਾ ਸੀ ਉਸਨੂੰ ਬੜੇ ਇਕਹਿਰੇ ਰੂਪ ਵਿਚ ਸਾਡੀ ਕਵਿਤਾ ਨੇ ਸਿਰਜਿਆ ਹੈ। ਵੀਹਵੀ ਸਦੀ ਦੇ ਆਖਰੀ ਦਹਾਕਿਆ ਖਾਸ ਕਰ ਜਿਸਨੂੰ ਵਿਦਰੋਹੀ ਕਵਿਤਾ ਕਿਹਾ ਜਾਂਦਾ ਹੈ ਵਿਚ ਅਵਤਾਰ ਪਾਸ਼ ਜਦੋਂ 'ਅਸੀਂ ਜੰਮਣਾ ਨਹੀਂ ਸੀ/ ਅਸੀਂ ਲੜਨਾ ਨਹੀਂ ਸੀ/ ਅਸੀਂ ਤਾਂ ਬਹਿ ਕੇ ਹੇਮਕੁੰਟ ਤੇ/ ਭਗਤੀ ਕਰਨੀ ਸੀ।' ਇਸ ਨੂੰ ਮਾਰਕਸੀ ਸਮਝ ਆਪਣੇ ਨਜ਼ਰੀਏ ਨਾਲ ਸਮਝਦੀ ਹੈ ਪਰ ਇਥੇ 'ਹੇਮਕੁੰਟ' ਦਾ ਚਿੰਨ੍ਹ ਆਉਣ ਨਾਲ ਇਹ ਅਰਥ ਏਨਾ ਇਕਹਿਰਾ ਹੋ ਗਿਆ ਹੈ ਕਿ ਇਸ ਨੂੰ ਸਵੀਕਾਰਿਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਦਰਸ਼ਨ ਖੜਕੜ ਜਦੋਂ ਬਾਬਾ ਦੀਪ ਸਿੰਘ ਨੂੰ ਸੰਬੋਧਨ ਹੁੰਦਾ ਹੈ ਤਾਂ ਉਹ ਸਿੱਧੇ ਰੂਪ ਵਿਚ 'ਜਾਚ ਤਾਂ ਦੱਸ ਸੀਸ ਕਿਸ ਤਰ੍ਹਾਂ ਤਲੀ 'ਤੇ ਟਿਕਾਈ ਦਾ ਹੈ' ਜਾਂ ਸੰਤ ਰਾਮ ਉਦਾਸੀ 'ਝੋਰਾ ਕਰੀਨਾ ਕਿਲ੍ਹਾ ਅਨੰਦਪੁਰ ਦਾ/ ਕੁੱਲੀ ਕੁੱਲੀ ਨੂੰ ਕਿਲਾ ਬਣਾ ਦਿਆਂਗੇ।' ਜਾਂ ਇਸ ਨੁਕਤੇ ਤੋਂ ਉਸ ਸਮੇਂ ਸੈਂਕੜੇ ਕਵਿਤਾਵਾਂ ਸਾਨੂੰ ਮਿਲਦੀਆਂ ਹਨ, ਜਿਹੜੀਆਂ ਕਈ ਥਾਂਈਂ ਪੰਜਾਬ ਦੀ ਰਹਿਤਲੀ ਮੌਲਿਕਤਾ/ਪਛਾਣ ਦੇ ਚਿੰਨ੍ਹ ਨੂੰ ਜਿਸ ਦਾ ਅਰਥ ਸਮੁੱਚਤਾ ਵਿਚ ਹੀ ਸਮਝਿਆ ਜਾ ਸਕਦਾ ਹੈ, ਨੂੰ ਏਨਾ ਘਟਾ ਕੇ ਵੇਖਦੀਆਂ ਹਨ ਜਿਹੜੀਆਂ ਸਿਰਫ ਇਕਾਂਗੀ ਅਰਥ ਰੱਖਦੀਆਂ ਹਨ। ਇਥੇ ਲਿਉਤਾਰ ਦੇ ਹਵਾਲੇ ਨਾਲ ਇਸ ਗੱਲ ਅੰਦਰ ਪਈ ਰਮਜ਼ ਨੂੰ ਸਮਝਿਆ ਜਾ ਸਕਦਾ ਹੈ ਜਿਸਨੂੰ ਗੁਰਭਗਤ ਸਿੰਘ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ "ਜੇ ਕੋਈ ਆਪਣੀ ਪੈਰਾਡਾਈਮ ਦੂਜੇ ਸਭਿਆਚਾਰ ਉੱਤੇ ਬਿਨਾ ਉਸ ਦੇ ਇਤਿਹਾਸ ਅਤੇ ਅੰਤਰ ਸਮਝਣ ਦੇ ਲਾਗੂ ਕਰੇਗਾ ਤਾਂ ਉਹ ਸਾਮਰਾਜੀ ਜਾਂ ਸਮੱਗਰਵਾਦੀ ਹੋਵੇਗਾ।"[3] ਇੱਥੇ ਪੱਛਮ ਦਾ ਇਕਵਾਦੀ ਪਰਿਪੇਖ ਸਿੱਧਾ ਦਖਲ ਨਹੀਂ ਦਿੰਦਾ ਪਰ ਉਸ ਭਾਰੂ ਸਭਿਆਚਾਰ ਦੀ ਵਿਸ਼ਵ ਸਿਆਸਤ ਸਾਡੀ ਸ਼ਾਇਰੀ ਰਾਹੀਂ ਆਪਣੇ ਧਰਾਤਲ ਵਿਚ ਪਈ ਪਛਾਣ ਤੋਂ ਅਸਮਰੱਥ ਹੋਈ ਹੈ। ਇੱਥੋਂ ਸਮਝ ਪੈਂਦਾ ਹੈ ਕਿ ਪੰਜਾਬ ਦੀ ਸਭਿਆਚਾਰਕ ਪਛਾਣ ਦੀ ਵਿਸ਼ਵ ਰਮਜ਼ ਨੂੰ ਆਪਣੀ ਸਮਝ ਤਕ ਘਟਾ ਲੈਂਦੇ ਹਨ।

ਉੱਨੀ ਸੌ ਅੱਸੀ ਤੋਂ ਬਾਅਦ ਜਦੋਂ ਭਾਰਤੀ ਸੱਤਾ ਅਤੇ ਪੰਜਾਬ ਦੀ ਆਪਸੀ ਹਥਿਆਰਬੰਦ ਅਸਾਵੀਂ ਜੰਗ ਚੱਲ ਰਹੀ ਸੀ, ਇਹ ਅਸਾਵੀਂ ਜੰਗ ਅਸਲ ਵਿਚ ਇਹ ਦੋ ਬਿਰਤਾਤਾਂ ਦੀ ਲੜਾਈ ਹੈ। ਇਹ ਬਿਰਤਾਂਤ ਦੀ ਲੜਾਈ ਪੰਜਾਬ ਦੀ ਪਰੰਪਰਾ ਵਿਚ ਪਈ ਹੈ ਜਾਂ ਇਸ ਨੂੰ ਗੁਰੂ ਨਾਨਕ ਦੇਵ ਜੀ ਅਤੇ ਬਾਬਰ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ। ਇਸ ਲੜਾਈ ਨੂੰ ਵਿਚਾਰਧਾਰਕ ਪੱਖ ਤੋਂ ਅਕਾਦਮਿਕਤਾ ਨੇ ਜਾਂ ਤਾਂ ਵੇਖਿਆ ਨਹੀਂ ਜਾਂ ਇਸਨੂੰ ਉਸ ਪ੍ਰਸੰਗ ਵਿਚ ਨਹੀਂ ਸਮਝਿਆ ਜਿੱਥੋਂ ਇਸਦੀ ਸਮਝ ਪੈਣੀ ਸੀ। ਇਸ ਅਸਾਵੀਂ ਜੰਗ ਵਿਚ ਦੋਵੇਂ ਬਿਰਤਾਂਤ ਜਦੋਂ

ਦੇਹੀ ਅਤੇ ਵਿਚਾਰਧਾਰਕ ਤੌਰ ’ਤੇ ਗਹਿਗੱਚ ਲੜਾਈ ਲੜਦੇ ਹਨ ਤਾਂ ਇਹ ਛੋਟੀ ਰਹਿਤਲੀ/ਧਰਾਤਲੀ ਪਛਾਣ ਨੂੰ ਵੱਡੀ ਪਛਾਣ ਵੱਲੋਂ ਜਜ਼ਬ ਕਰਨ ਦਾ ਸੁਆਲ ਹੀ ਹੈ। ਇਥੇ ਪਛਾਣਾਂ/ਖਿੱਤਿਆਂ ਦੀ ਲੜਾਈ ਵੀ ਵਿਚਾਰਧਾਰਕ ਲੜਾਈ ਹੈ ਪਰ ਅਕਾਦਮਿਕਤਾ ਨੇ ਜੋ ਬਿਰਤਾਂਤ ਸਿਰਜਿਆ ਹੈ ਉਸ ਵਿਚੋਂ ਇਹ ਮਨਫੀ ਹੈ ਜਾਂ ਉਸਨੂੰ ਧਰਾਤਲ/ਰਹਿਤਲ ਨੂੰ ਤੋੜ ਕੇ ਸਮਝਿਆ ਗਿਆ ਹੈ। ਇਥੇ ਜਦੋਂ ਅਸੀਂ ਸਾਹਿਤਕ ਯਾਨਰ ਦੇ ਬਿਰਤਾਂਤ ਨੂੰ ਸਮਝਦੇ ਹਾਂ ਤਾਂ ਸਮਝ ਪੈਂਦਾ ਹੈ ਕਿ ਇੱਥੇ ਇਕ ਧਿਰ ਦੀ ਨਸਲਕੁਸ਼ੀ ਹੁੰਦੀ ਹੈ, ਉੱਥੇ ਨਾਲ ਹੀ 'ਵਾਰ' ਦੀ ਵਿਧਾ ਨੂੰ ਕੇਂਦਰੀ ਸਪੇਸ ਵਿਚੋਂ ਮਨਫੀ ਕੀਤਾ ਗਿਆ। ਉਸ ਸਮੇਂ ਜਿਹੜੀ ਸਪੇਸ ਵਿਧਾਵਾਂ ਦੇ ਵਿਗਸਣ ਨੂੰ ਮਿਲਦੀ ਹੈ, ਉਸ ਸਪੇਸ ਵਿਚ ਅਸਾਹਿਤਕ ਗੀਤਾਂ ਨੂੰ ਪਾਪੂਲਰ ਯਾਨਰ ਵਜੋਂ ਵੱਧ ਸਪੇਸ ਮਿਲੀ। (ਇਸ ਦਾ ਅਰਥ ਇਹ ਨਹੀਂ ਕਿ ਇਸ ਤੋਂ ਪਹਿਲਾ ਸਾਡੇ ਕੋਲ ਇਹ ਪਰੰਪਰਾ ਨਹੀਂ।) ਜਦੋਂ ਇਹ ਪਾਪੂਲਰ ਗੀਤ ਸਾਡੇ ਧਰਾਤਲ ਦਾ ਹਿੱਸਾ ਬਣ ਰਹੇ ਸਨ ਤਾਂ ਸੱਤਾ ਆਪਣੀ ਸੂਖਮ ਹਿੰਸਾ ਰਾਹੀਂ ਨਵੀਂ ਤਰ੍ਹਾਂ ਦਾ ਬਿਰਤਾਂਤ ਸਿਰਜ ਕੇ ਇਨ੍ਹਾਂ ਨੂੰ ਆਪਣੇ ਤਰੀਕੇ ਨਾਲ ਵਰਤ ਰਹੀ ਸੀ। ਉਸਦਾ ਕਾਰਨ ਕਿ ਪੰਜਾਬ ਜਿਸ ਬਿਰਤਾਂਤ ਦੀ ਲੜਾਈ ਲੜ ਰਿਹਾ ਸੀ ਉਸਦੇ ਸਮਾਂਨਾਤਰ 'ਪਾਪੂਲਰ ਕਲਚਰ' ਦਾ ਆਪੇ ਘੜਿਆ ਬਿਰਤਾਂਤ ਘੜਨਾ ਸੱਤਾ ਦੀ ਸੂਖਮ ਸਿਆਸਤ ਸੀ। ਨੱਬੇ ਤੋਂ ਬਾਅਦ ਦੀ ਗਾਇਕੀ ਜਿਸਨੂੰ ਸੰਗੀਤ ਕਹਿਕੇ ਵਡਿਆ ਲਿਆ ਗਿਆ ਅਸਲ ਵਿਚ ਪੰਜਾਬ ਨੂੰ ਇਤਿਹਾਸ ਮੁਕਤ/ਗੌਰਵਸ਼ਾਲੀ ਪਰੰਪਰਾ (ਜਿਸਦੇ ਬਿਰਤਾਂਤ ਦੀ ਪਿੱਠਭੂਮੀ ਵਿਚ ਸਿੱਖ ਇਤਿਹਾਸ ਪਿਆ ਹੈ) ਤੋਂ ਦੂਰ ਕਰਨ ਦਾ ਨਵਾਂ ਰਾਹ ਸੀ, ਜਿਹੜਾ ਵੱਖ-ਵੱਖ ਰਾਹ ਬਣਾਉਂਦਾ ਇਥੋਂ ਤਕ ਪਹੁੰਚਦਾ ਹੈ। ਇਤਿਹਾਸ ਹੀਣ/ਗੌਰਵਸ਼ਾਲੀ ਪਰੰਪਰਾ ਦਾ ਸੰਕਲਪ ਇਸ ਕਰਕੇ ਵਰਤਿਆ ਹੈ ਕਿ ਪੰਜਾਬ ਕੋਲ ਗਾਇਨ  ਦੀ ਆਪਣੀ ਖ਼ਾਲਸ ਪਰੰਪਰਾ ਹੈ। ਪੰਜਾਬ ਦੀ ਰਹਿਤਲ/ਧਰਾਤਲ ਨੂੰ ਉਸ ਗਾਇਨ ਤੋਂ ਬਿਨ੍ਹਾਂ ਸਮਝਣਾ ਮੁਸ਼ਕਿਲ ਹੈ, ਇਥੇ ਇਤਿਹਾਸਹੀਣ ਦਾ ਪ੍ਰਸੰਗ ਸਮਝਣਾ ਇਸ ਲਈ ਵੀ ਜ਼ਰੂਰੀ ਹੈ ਕਿ ਪੰਜਾਬ ਦੀ ਪਰੰਪਰਾ ਵਿਚ ਪਏ ਲੋਕ ਰੰਗ/ਲੋਕ ਗਾਇਕੀ ਨੂੰ ਜਿਸ ਤਰ੍ਹਾਂ ਬਜ਼ਾਰ ਰਾਹੀਂ ਸਮਝਿਆ ਗਿਆ ਇਹ ਖਤਰਨਾਕ ਹੈ। ਇਹ ਇੱਥੋਂ ਤਕ ਘਟਾ ਲਿਆ ਗਿਆ ਕਿ ਇਸ ਸਮੇਂ ਪੰਜਾਬ ਦੇ ਜਿਆਦਾ ਗਾਇਕ 'ਲੋਕ ਗਾਇਕ' ਹਨ। ਇੱਥੇ ਜਦੋਂ ਸੰਗੀਤ, ਬਾਜ਼ਾਰ ਦੀ ਵਸਤ ਵਿਚ ਬਦਲ ਜਾਂਦਾ ਹੈ ਤਾਂ ਜਿਹੜਾ ਉਲਟ ਜਿਹੜਾ ਵਹਾਅ ਚੱਲਦਾ ਹੈ ਉਸ ਵਿਚ ਪੰਜਾਬ ਦੀ ਗੱਲ ਕਹਿਣੀ ਬੜੀ ਮੁਸ਼ਕਲ ਹੈ। ਅੱਸੀਵਿਆਂ ਵਿਚ ਪੰਜਾਬ ਦੀ ਜੁਆਨੀ ਜਿਸ ਮਸਲੇ/ਵਿਸ਼ਵਾਸ/ਪਰੰਪਰਾ ਨੂੰ ਕੇਂਦਰ ਵਿਚ ਰੱਖ ਕੇ ਲੜਾਈ ਲੜ ਰਹੀ ਸੀ ਉਸ ਦਾ ਕੇਂਦਰ ਪੰਜਾਬ ਦੀ ਜੰਗਜੂ ਪਰੰਪਰਾ ਹੈ। ਇਹ ਪੰਜਾਬ ਦੀ ਪਰੰਪਰਾ ਹੈ ਜਿਸ ਨੂੰ ਰੱਦ ਕਰਦਿਆਂ ਜਾਂ ਇਸ ਦਾ ਬਦਲ ਲੱਭਦਿਆਂ ਦੂਜੇ ਬਿਰਤਾਂਤ ਦੀ ਧਿਰ ਨੇ ਉਨ੍ਹਾਂ ਸਮਿਆਂ ਵਿਚ ਪਾਪੂਲਰ ਗਾਇਕੀ (ਲ਼ੱਚਰ) ਦਾ ਬਿਰਤਾਂਤ ਸਿਰਜਿਆ ਜਾਂ 'ਹੀਰ/ਰਾਂਝੇ' ਦੀ ਸਿੰਬੌਲਿਕਤਾ ਇਕ ਆਮ ਕੁੜੀ/ਮੁੰਡੇ ਤਕ ਸਿਮਟ ਗਈ। ਇਹ ਗੱਲ ਤਾਂ ਸਪੱਸ਼ਟ ਹੈ ਕਿ ਪੰਜਾਬ ਦੀ ਰਹਿਤਲੀ/ਧਰਾਤਲੀ ਸਮਝ ਸੰਗੀਤ/ਗਾਇਨ ਵਿਚੋਂ ਸਮਝ ਪੈਂਦੀ ਹੈ। ਇਸਦਾ ਧਰਾਤਲੀ ਫਲਸਫਾ, ਜਿਸਦੇ ਨਾਇਕਤਵ ਦੀ ਤਲਾਸ਼ ਵਿਚ ਪੰਜਾਬ ਨੇ ਸਦਾ ਆਪਣੀ ਤਾਸੀਰ/ਬਿਰਤਾਂਤ ਦੀ ਸਮਝ ਤਿਆਰ ਕੀਤੀ ਹੈ, ਸੰਗੀਤ ਵਿਚ ਹੈ। ਜਿਉਂ ਜਿਉਂ ਨਵੇਂ ਯੁਗ ਦੀ ਆਹਟ ਨੇ 'ਪਰੰਪਰਾ' ਨੂੰ ਬਿਨ੍ਹਾਂ ਸਮਝਿਆਂ ਰੱਦ ਕੀਤਾ ਅਤੇ ਆਧੁਨਿਕਤਾ ਦੇ ਵਿਰੋਧ ਵਜੋਂ ਸਮਝਿਆ, ਇਸ ਸਾਰੇ ਪ੍ਰਸੈਸ ਵਿਚ 'ਖਾਲਸ ਪਰੰਪਰਾ' ਦੀ ਥਾਂ ਨਵਾਂ ਕੁਝ ਘੜਿਆ ਗਿਆ। ਇੱਥੇ 'ਖਾਲਸ ਪਰੰਪਰਾ' ਤੋਂ ਭਾਵ ਉਸ ਪਰੰਪਰਾ ਤੋਂ ਹੈ ਜੋ ਉਨ੍ਹਾਂ ਸਮਿਆਂ ਵਿਚ ਪੰਜਾਬ ਦੀ ਰਹਿਤਲੀ ਪਛਾਣ ਨੂੰ ਅਗਾਂਹ ਤੋਰਦੀ ਸੀ ਪਰ ਉਸਨੂੰ ਪਿਛਾਂਹ ਖਿੱਚੂ ਕਹਿ ਕੇ ਰੱਦ ਕੀਤਾ ਗਿਆ ਉਸ ਵਿਚ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦਾ ਉਹ ਖ਼ਾਲਸਪੁਣਾ ਵੀ ਰੱਦ ਕੀਤਾ ਗਿਆ ਜਿਸਨੇ ਨਵੇਂ ਯੁੱਗ ਲਈ ਨੀਂਹ ਬਣਨਾ ਸੀ। ਮੰਡੀ ਦੀ ਗਾਇਕੀ ਵਿਚ ਉਹ ਸਾਰਾ ਕੁਝ ਕੇਂਦਰ ਵਿਚ ਆਇਆ ਜੋ ਸਰੋਤੇ ਨੂੰ 'ਖ਼ਾਲਸ ਪਰੰਪਰਾ' ਤੋਂ ਦੂਰ ਲਿਜਾ ਸਕੇ। ਇਹ ਸਾਰਾ ਮਸਲਾ ਜਾਂ ਇਸ ਬਿਰਤਾਂਤ ਰਾਹੀਂ ਪੰਜਾਬ ਆਧੁਨਿਕਤਾ ਦੇ ਗੰਧੇੜੇ ਚੜ੍ਹਿਆ ਹੈ, ਇਹ 'ਖ਼ਾਲਸ ਸੰਗੀਤ' ਤੋਂ ਦੂਰ ਹੁੰਦਾ ਗਿਆ ਹੈ। ਆਧੁਨਿਕਤਾ ਵਾਲੇ ਚਿੰਤਨ ਨੇ ਪੰਜਾਬ ਦੇ ਮਨ ਨੂੰ ਸਮਝਿਆ। ਇਸ ਸਮਝ ਵਿਚੋਂ ਸਿੱਟਾ ਨਿਕਲਿਆ ਕਿ ਇਸ ਵਿਚ ਅਣਖ ਹੈ (ਇਹ ਅਣਖ ਹੁਣਵੇਂ ਸਮੇਂ ਚੱਲ ਰਹੇ ਜੱਟ ਮਾਨਸਿਕਤਾ ਵਾਲੇ ਗੀਤਾਂ ਵਿਚਲੀ ਅਣਖ ਨਹੀਂ। ਇਹ ਅਣਖ ਦਾ ਸਰੂਪ ਪਿਆਰ ਨਾਲ ਗੁਲਾਮੀ ਕਰਨ ਵਾਲਾ ਅਤੇ ਦਾਬੇ ਨਾਲ ਟੈਂ ਨਾ ਮੰਨਣ ਵਾਲਾ ਹੈ।) ਜਾਂ ਕਹਿ ਲਵੋ ਪੰਜਾਬ ਦੀ 'ਹਿੰਸਾ' ਅਣਖ ਵਿਚ ਹੈ। ਇਥੋਂ 'ਪਰੰਪਰਾ ਦੇ ਬਿਰਤਾਂਤ' ਅਤੇ 'ਆਧੁਨਿਕਤਾ ਦੇ ਬਿਰਤਾਂਤ' ਦਾ ਆਪਣੀ ਸੰਵਾਦ ਸਿਰਜਿਆ ਮਿਲਦਾ ਹੈ। 'ਪਰੰਪਰਾ ਦੇ ਬਿਰਤਾਂਤ' ਦੀ ਰੱਦ ਕਰਨ ਵਾਲੀ ਭਾਵਨਾ ਅਤੇ ਨਵੇਂ ਯੁੱਗ ਦੀ ਗੱਲ ਪੁਰਾਣੀ ਵਿਧਾ ਵਿਚ ਸਮਾਂ ਨਹੀਂ ਸਕਦੀ, ਵਾਲੇ ਬਿਰਤਾਂਤ ਨੇ ਉਹ ਵਿਧਾਵਾਂ ਖਤਮ ਕੀਤੀਆਂ, ਜਿੰਨਾਂ ਨੇ ਪੰਜਾਬ ਦੇ ਖ਼ਾਲਸ ਬਿਰਤਾਂਤ ਨੂੰ ਅਗਾਂਹ ਤੋਰਨਾ ਸੀ। ਇਹ ਤਾਂ ਸਪੱਸ਼ਟ ਹੈ ਕਿ ਪੰਜਾਬ ਦੀ ਬੀਰਤਾ ਦਾ ਖ਼ਾਲਸ ਸੁਭਾਅ 'ਵਾਰ' ਵਿਚ ਸਮਾ ਸਕਦਾ ਹੈ, ਤੜਕ ਭੜਕ ਗੀਤ ਵਿਚ ਨਹੀਂ। ਪੰਜਾਬ ਦੀ ਬੀਰਤਾ ਦਾ ਮੱਧਕਾਲੀ ਸੁਭਾਅ ਇਸ ਕਰਕੇ


ISSN : 2395-1273

ਵੀ ਅਗਾਂਹ ਨਹੀਂ ਤੁਰ ਸਕਿਆ ਕਿ ਪੰਜਾਬ ਕੋਲ ਉਸਦੀ ਮੌਲਿਕ ਵਿਧਾ ਖਤਮ ਹੋਈ ਪਰ ਉਸ ਗੱਲ ਦੀ ਪੰਜਾਬੀ ਚਿੰਤਨ ਦੇ ਜਿਸ ਤਰ੍ਹਾਂ ਵਿਆਖਿਆ ਕੀਤੀ ਉਹ ਮਾਰਕਸੀ ਪੱਖ ਤੋਂ ਰੂਪ ਤੇ ਵਸਤੂ ਦੇ ਆਪਸੀ ਸਬੰਧਾਂ ਵਿਚੋਂ ਪੈਦਾ ਹੋਈ। ਉਸ ਵਿਧਾ ਨੂੰ ਇਹ ਕਹਿਕੇ ਪੰਜਾਬੀ ਚਿੰਤਨ ਨੇ ਨਕਾਰਿਆ ਕਿ ਨਵੀਂ ਵਸਤੂ ਪੁਰਾਣੀ ਵਿਧਾ (ਯਾਨਰ) ਵਿਚ ਸਮਾ ਨਹੀਂ ਸਕਦੀ, ਇਸ ਦਾ ਬਦਲ ਨਵੇਂ ਰੂਪ ਵਜੋਂ ਆ ਗਿਆ ਹੈ। ਅਸਲ ਵਿਚ ਇਹ ਆਧੁਨਿਕਤਾ ਰਾਹੀਂ ਪੰਜਾਬੀ ਚਿੰਤਨ ਵਿਚ ਆਈ ਬੌਧਿਕ ਚਲਾਕੀ ਸੀ ਜਿਸਨੇ ਪੰਜਾਬ ਦੇ ਧਰਾਤਲੀ ਸਮਕਾਲ ਤੋਂ ਪਾਸਾ ਵੱਟਣ ਲਈ ਇਹ ਰਾਹ ਅਖ਼ਤਿਆਰ ਕੀਤਾ। ਪੰਜਾਬ ਦੇ ਮਸਲਿਆਂ ਨੂੰ ਵਾਰ ਵਿਧਾ (ਕੱਥ ਤੇ ਵੱਥ) ਰਾਹੀਂ ਸਮਝਣਾ ਸੌਖਾ ਹੈ। ਆਧੁਨਿਕ ਚਿੰਤਨ ਨਵੇਂ ਰੂਪਾਂ ਰਾਹੀਂ ਇਸ ਵਿਧਾ ਤੋਂ ਲੋਕ ਮਨ ਨੂੰ ਦੂਰ ਕਰਨ ਦਾ ਹਰ ਤਰੀਕਾ ਵਰਤਦਾ ਹੈ। ਇਸ ਵਿਧਾ ਦੀ ਥਾਂ ਅਸਿੱਧੇ ਰੂਪ ਵਿਚ ਗੀਤ ਦੀ ਪਾਪੂਲੈਰਟੀ ਵਧਦੀ ਹੈ। ਇਹ ਸਿਰਫ ਵਿਧਾ ਦਾ ਮਸਲਾ ਨਹੀਂ, ਇਸਦੀ ਰਮਜ਼ ਕਿਤੇ ਹੋਰ ਪਈ ਹੈ। ਵਿਧਾਵਾਂ ਸਿਰਫ ਰੂਪ ਤਕ ਸੀਮਤ ਨਹੀਂ ਕੀਤੀਆਂ ਜਾ ਸਕਦੀਆਂ। ਇਨ੍ਹਾਂ ਦੇ ਬਦਲਣ ਨਾਲ ਧਰਾਤਲ ਵਿਚ ਪਈ ਗੱਲ ਦਾ ਬਦਲ ਵੀ ਨਵਾਂ ਲੱਭਿਆ ਜਾਂਦਾ ਹੈ। ਪੰਜਾਬ ਦੇ ਇਤਿਹਾਸ ਵਿਚ 'ਬੀਰਤਾ' ਦਾ ਜਿਸ ਤਰ੍ਹਾਂ ਦਾ ਸਰੂਪ ਸਾਨੂੰ ਮਿਲਦਾ ਹੈ, ਨਵੇਂ ਸਮਿਆਂ ਵਿਚ ਉਸ ਸਰੂਪ ਦੇ ਬਿਲਕੁੱਲ ਉਲਟ ਸਰੂਪ ਸਾਡੇ ਸਾਹਮਣੇ ਹੈ। ਵਿਧਾ ਬਦਲਣ ਨਾਲ ਬੀਰਤਾ ਦਾ ਸਰੂਪ ਵੀ ਬਦਲਦਾ ਹੈ। ਆਧੁਨਿਕ ਚਿੰਤਨ ਦੀ ਸਮਝ ਪੰਜਾਬ ਦੀ ਬੀਰਤਾ ਦੇ ਸੁਹਜ ਨੂੰ ਨਵੇਂ ਯਾਨਰ (ਮੰਡੀ ਪੱਖ ਤੋਂ) ਰਾਹੀਂ ਪਰਿਭਾਸ਼ਿਤ ਕਰਵਾਉਂਦੀ ਹੈ ਜਿਸ ਨਾਲ ਗੁੰਡਾਗਰਦੀ ਦਾ ਸਰੂਪ ਸਾਹਮਣੇ ਆਉਂਦਾ ਹੈ। ਇਹ ਗੱਲ ਅੱਸੀਵਿਆਂ ਤੋਂ ਬਾਅਦ ਦੇ ਦਹਾਕਿਆ ਵਿਚ ਸਮਝ ਆਉਂਦੀ ਹੈ ਜਦੋਂ 'ਮੇਲੇ' ਅਤੇ 'ਅਖਾੜੇ' (ਹੁਣ ਦਾ ਪਿੜ) ਵੱਡੇ ਪੱਧਰ ’ਤੇ ਸਥਾਪਿਤ ਹੁੰਦੇ ਹਨ। ਅੱਸੀਵਿਆਂ ਤੋਂ ਬਾਅਦ ਪੰਜਾਬ ਵਿਚ ਜਦੋਂ ਨਾਇਕਤਵ ਦਾ ਸੁਆਲ ਲੋਕ-ਮਨ ਦੇ ਨੇੜੇ ਹੁੰਦਾ ਹੈ ਤਾਂ ਉਸਦੇ ਬਦਲ ਵਜੋਂ ਸੱਤਾ ਮੰਡੀ ਦੇ ਨਾਇਕ ਸਥਾਪਿਤ ਕਰਨ ਦੇ ਆਹਰ ਵਿਚ ਲੱਗਦੀ ਹੈ। ਦੋਗਾਣਾ ਗਾਇਕੀ ਭਾਵੇਂ ਪਹਿਲਾਂ ਹੀ ਚੱਲ ਰਹੀ ਸੀ ਪਰ ਉਸ ਸਮੇਂ ਜਿੰਨਾਂ ਸੁਆਲਾਂ ਨੂੰ ਮੁਖਾਤਿਬ ਹੋਣਾ ਸੀ ਉਸਦੇ ਸਮਾਨਾਂਤਰ ਦੇਹ ਦੇ ਮਸਲਿਆਂ ਨੂੰ ਸਾਹਮਣੇ ਲਿਆਉਂਦੀ ਹੈ। ਪੰਜਾਬ ਵਿਚ ਉਸ ਸਮੇਂ ਤੋਂ ਹੁਣ ਤਕ ਗਾਇਕੀ ਰਾਹੀਂ ਨਵਾਂ ਨਾਇਕਤਵ ਉਸਾਰਿਆ ਗਿਆ। ਪੇਂਡੂ ਲੋਕਾਂ ਵਿਚ ਜਦੋਂ ਇਨ੍ਹਾਂ ਨੂੰ ਮਾਨਤਾ ਦਿਵਾਈ ਜਾਂਦੀ ਹੈ ਤਾਂ ਪੜ੍ਹੇ-ਲਿਖੇ ਵਰਗ ਉਸ ਸਮੇਂ ਗੁਰਦਾਸ ਮਾਨ ਨੂੰ ਸਮੇਂ ਦਾ ਬਦਲ ਮੰਨਦੇ ਹਨ। ਸਹਿਜੇ ਸਹਿਜੇ ਇਹ ਸਰੂਪ ਇੰਨਾ ਬਦਲ ਜਾਂਦਾ ਹੈ ਕਿ 'ਯੰਗ ਏਜ' ਸਿੱਧੂ ਮੂਸੇਵਾਲਾ ਵਿਚੋਂ ਬੀਰਤਾ ਦਾ ਮਾਡਲ ਲੱਭਣ ਲੱਗ ਜਾਂਦੀ ਹੈ। ਇਹੀ ਸੱਤਾ ਦੀ ਸੂਖਮ ਹਿੰਸਾ ਹੈ ਜਿਹੜੀ ਲੋਕ-ਮਨ ਸਾਹਮਣੇ ਬੀਰਤਾ ਦਾ ਨਵਾਂ ਮਾਡਲ ਸਿਰਜਦੀ ਹੈ। ਕਿੰਨੀ ਹੈਰਾਨੀ ਹੈ ਕਿ ਸਾਡੇ ਵਿਦਵਾਨ 'ਸਾਡੇ ਲਾਣੇ ਜਿਊਣੇ ਸੁੱਚਿਆਂ ਦੇ/ਸਾਡੇ ਮਿਰਜ਼ੇ ਰਾਂਝੇ ਜੰਮਦੇ ਨੀ' ਵਿਚੋਂ ਬੀਰਤਾ ਦਾ ਮਾਡਲ ਤਲਾਸ਼ ਕਰ ਰਹੇ ਹਨ ਉਹ ਭੁੱਲ ਜਾਂਦੇ ਹਨ ਕਿ ਸਾਡੇ ਕੋਲ ਪ੍ਰੋ. ਪੂਰਨ ਸਿੰਘ ਵੀ ਹੈ ਜਿਸਨੇ ਕਿਹਾ ਹੈ - ਆ ਵੀਰ ਰਾਂਝਿਆ, ਆ ਭੈਣ ਹੀਰੇ, ਸਾਨੂੰ ਛੋਡ ਨਾ ਜਾਇਓ, ਤੁਧ ਬਿਨ੍ਹਾਂ ਅਸੀਂ ਸੱਖਣੇ।' ਇਨ੍ਹਾਂ ਪਾਪੂਲਰ ਗੀਤਾਂ ਕੋਲ ਇਕਹਿਰੀਆਂ ਤੰਦਾਂ ਹਨ ਅਤੇ ਅਧੂਰੀ ਸਮਝ ਵਿਚੋਂ ਇਨ੍ਹਾਂ ਦੀ ਸਿਰਜਣਾ ਹੁੰਦੀ ਹੈ। (ਇਹ ਗੱਲ ਸਾਰੇ ਗੀਤਾਂ ’ਤੇ ਲਾਗੂ ਨਹੀਂ ਹੁੰਦੀ) ਜਿਸ ਨਾਇਕਤਵ ਨੂੰ ਉਭਾਰਿਆ ਗਿਆ ਉਹ ਸੱਤਾ ਦੀ ਲੋੜ ਵਿਚੋਂ ਪੈਦਾ ਹੋਇਆ ਨਾਇਕਤਵ ਹੈ। ਪੰਜਾਬ ਦੇ ਨਾਇਕਤਵ ਨੂੰ ਪਹਿਲੀ ਗੱਲ ਤਾਂ ਪਰੰਪਰਾ ਤੋਂ ਬਿਨ੍ਹਾਂ ਸਮਝਿਆ ਨਹੀਂ ਜਾ ਸਕਦਾ। ਦੂਜੀ ਗੱਲ ਇਹ ਨਾਇਕਤਵ ਲਗਾਤਾਰਤਾ ਦੇ ਵਿਚ ਅੰਸ਼ਿਕ ਰੂਪ ਵਿਚ ਹੁਣਵੇਂ ਸਮੇਂ ਤਕ ਹਾਜ਼ਰ ਹੈ। ਇਸ ਨਾਇਕਤਵ ਦੀ ਗੱਲ ਪੰਜਾਬੀ ਸਿਰਜਣਾ ਨੇ ਕੀਤੀ ਹੈ ਪਰ ਵੀਹਵੀਂ ਸਦੀ ਤੋਂ ਬਾਅਦ ਜਿਸ ਤਰ੍ਹਾਂ ਪ੍ਰਗਤੀਵਾਦ ਦੀ ਇਕਹਿਰੀ ਵਿਆਖਿਆ ਸਾਡੇ ਚਿੰਤਨ ਦਾ ਹਿੱਸਾ ਬਣੀ ਹੈ ਉਸਨੇ ਇਸ ਨਾਇਕਤਵ ਨੂੰ ਨਕਾਰਿਆ ਹੈ ਪਰ ਇਸ ਇਤਿਹਾਸ ਵਿਚੋਂ ਪਏ ਅਕਾਲਿਕ ਪਹੁੰਚ ਵਾਲੇ ਪ੍ਰਤੀਕਾਂ/ਨਾਵਾਂ ਨੂੰ ਵਰਤਿਆ ਹੈ। ਉਨ੍ਹਾਂ ਪ੍ਰਤੀਕਾਂ ਦੀ ਪਹਿਲੀ ਪੜ੍ਹਤ ਵਿਚੋਂ ਇੰਝ ਲੱਗਦਾ ਹੈ ਜਿਉਂ ਇਹ ਪਰੰਪਰਾ ਵਿਚ ਪਏ ਨਾਇਕਤਵ ਨੂੰ ਅਗਾਂਹ ਤੋਰ ਰਹੇ ਹੋਣ ਪਰ ਪੰਜਾਹਵਿਆਂ ਤੋਂ ਬਾਅਦ ਤਾਂ ਸਪੱਸ਼ਟ ਰੂਪ ਵਿਚ ਇਹ ਗੱਲ ਸਮਝ ਵਿਚ ਆਉਂਦੀ ਹੈ ਕਿ ਇਨ੍ਹਾਂ ਪ੍ਰਤੀਕਾਂ ਦਾ ਭੰਜਨ ਕੀਤਾ ਗਿਆ। ਉਨ੍ਹਾਂ ਦਾ ਸੁਹਜ ਸਮਝੇ ਬਿਨ੍ਹਾਂ ਨਵੇਂ ਅਰਥਾਂ ਵਿਚ ਲਿਆਂਦਾ ਗਿਆ। ਪੰਜਾਬ ਦੇ ਨਾਇਕਤਵ ਤੋਂ ਪੂਰਨ ਦੇ ਪ੍ਰਤੀਕ ਨੂੰ ਜਦੋਂ ਸ਼ਿਵ ਲੂਣਾ ਰਾਹੀਂ ਸਾਹਮਣੇ ਲਿਆਉਂਦਾ ਹੈ ਤਾਂ ਉਹ ਪੂਰੀ ਟੈਕਸਟ ਵਿਚੋਂ ਪੂਰਨ ਰਾਹੀਂ ਜਿਹੜਾ ਪੰਜਾਬ ਦਾ ਸੁਹਜ ਸਾਡੀ ਪਰੰਪਰਾ ਬਣਦਾ ਹੈ ਉਸ ਵਿਚ ਲੂਣਾ ਕੇਂਦਰ ਵਿਚ ਕਰਕੇ ਉਸਨੂੰ ਸਿੱਧੇ/ਅਸਿੱਧੇ ਰੂਪ ਵਿਚ ਖਤਮ ਕਰਦਾ ਹੈ ਪਰ ਪੰਜਾਬੀ ਚਿੰਤਨ ਵਿਚ ਇਹ ਟੈਕਸਟ ਵੱਧ ਉਭਾਰੀ ਜਾਂਦੀ ਹੈ, ਇਸ ਉਭਾਰ ਤੋਂ ਬਾਅਦ ਜਿਹੜੀ ਪੂਰਨ ਦੇ ਹਵਾਲੇ ਨਾਲ ਲਿਖਤਾਂ ਸਾਹਮਣੇ ਆਉਂਦੀਆਂ ਹਨ ਉਨ੍ਹਾਂ ਵਿਚ ਪਲੰਘ ਤੋਂ ਪਘੂੰੜੇ ਤਕ ਦੇ ਪ੍ਰਤੀਕਾਂ ਨਾਲ ਪੂਰਨ ਦੇ ਸੁਹਜ ਨੂੰ ਖਤਮ ਕੀਤਾ ਜਾਂਦਾ ਹੈ। ਇਸ ਪ੍ਰੈਕਟਿਸ ਵਿਚ ਪੰਜਾਬ ਦਾ ਨਾਇਕਤਵ ਕਿਸੇ ਹੋਰ ਪੱਖ ਤੋਂ ਉਭਾਰ ਲਿਆ ਜਾਂਦਾ ਹੈ। ਸਾਹਿਤਕ ਪਾਠਾਂ ਦੇ ਸਮਾਨਾਂਤਰ ਨੱਬੇਵਿਆਂ ਤੋਂ ਬਾਅਦ ਜਿਹੜੀ ਗਾਇਕੀ

ਸਾਡੇ ਸਾਹਮਣੇ ਆਉਂਦੀ ਹੈ ਉਸ ਵਿਚ ਤਾਂ ਪੰਜਾਬ ਦਾ ਭੰਜਨ ਕਰਕੇ ਪੰਜਾਬ ਦੇ ਸੁਹਜ ਦੀ ਨਵੀਂ ਜੂਹ ਲੱਭੀ ਜਾਂਦੀ ਹੈ ਜਿੱਥੇ ਨਾਇਕ ਪਿੰਡ ਵਿਚ ਅਨਾਉਸਮੈਂਟ ਕਰਵਾ ਕੇ ਕੁੜੀਆਂ ਤਕ ਚੁੱਕਦਾ ਹੈ, ਅਗਲੇ ਪੜਾਅ ਤਕ 'ਕੱਚਾ ਮਾਸ ਪਾੜ ਕੇ' ਜੁਆਨ ਹੋਣ ਨੂੰ ਬਹਾਦਰੀ ਮੰਨਦਾ ਹੈ। ਇਹ ਨਾਇਕਤਵ ਸੱਤਾ ਦੀ ਲੋੜ ਵਿਚੋਂ ਪੈਦਾ ਹੋਇਆ ਹੈ।

ਪੰਜਾਬ ਵਿਚ ਬਿਰਤਾਂਤ ਦੀ ਜੰਗ ਨੂੰ ਲੈ ਕੇ ਜਿਹੜਾ ਸੁਆਲ ਬੇਹੱਦ ਅਹਿਮ ਹੈ ਉਹ 'ਪਾਪੂਲਰ ਕਲਚਰ' 'ਆਰਟੀਫੀਸ਼ੀਅਲ਼ ਇੰਟੈਲੀਜੈਂਸੀ' ਅਤੇ 'ਪਛਾਣਾਂ' ਨੂੰ ਲੈ ਕੇ ਹੈ। ਪਾਪੂਲਰ ਕਲਚਰ, ਜਿਸ ਸਿਆਸਤ ਰਾਹੀਂ ਛੋਟੀਆਂ ਪਛਾਣਾਂ ਨੂੰ ਆਪਣੇ ਵਿਚ ਜਜ਼ਬ ਕਰਦਾ ਹੈ ਅਤੇ ਖਿੱਤੇ ਵਿਸ਼ੇਸ਼ ਦੇ ਰਹਿਤਲ ਦੀ ਥਾਂ ਆਪਣੀ ਸੱਤਾ ਸਥਾਪਿਤ ਕਰਦਾ ਹੈ, ਇਹ ਗੱਲ ਸਮਝਣ ਵਾਲੀ ਹੈ। (ਮੈਂ ਆਰਟੀਫਿਸੀਅਲ ਇੰਟੈਲੀਜੈਂਸੀ ਨੂੰ ਲੈ ਕੇ ਵੀ ਇਹੀ ਸੋਚ ਸਮਝ ਰਿਹਾ ਹਾਂ) ਇਸ ਰਾਹੀਂ ਜਿਹੜੀ 'ਫਾਲਸ ਕਾਨਸੀਐਂਸ' ਸਿਰਜੀ ਜਾਂਦੀ ਹੈ ਉਸ ਅੰਦਰਲਾ ਬਿਰਤਾਂਤ ਖਿੱਤਿਆਂ ਦੀ ਸਮਝ/ਚੇਤਨਾ ਨੂੰ ਜਾਂ ਤਾਂ ਪਿੱਛੇ ਧੱਕ ਦਿੰਦਾ ਹੈ ਜਾਂ ਆਪਣੀ 'ਫਾਲਸ ਰਾਇਲਟੀ' ਰਾਹੀਂ ਭਰਮਾ ਲੈਂਦਾ ਹੈ। ਗੱਲ ਇਥੋਂ ਤਕ ਵੀ ਪਹੁੰਚ ਜਾਂਦੀ ਹੈ ਕਿ ਜਿਹੜਾ ਚਿੰਤਨ ਖਿੱਤੇ ਅੰਦਰਲੀ ਰਾਜਸੀ ਬਣਤਰ ਰਾਹੀਂ ਪਾਠਕ ਨੂੰ ਮੁਖਾਤਿਬ ਹੁੰਦਾ ਹੈ ਉਹ ਵੀ ਇਸ ਦੁਆਰਾ ਸਿਰਜੀ ਸਿਆਸਤ ਵਿਚ ਉਲਝ ਜਾਂਦਾ ਹੈ ਜਾਂ ਫਿਰ 'ਬੌਧਿਕ ਚਲਾਕੀ' ਕਰਕੇ ਸੱਤਾ ਦੀ ਧਿਰ ਬਣਦਾ ਹੈ। ਪਾਪੂਲਰ ਗਾਇਕੀ/ਗੀਤਕਾਰੀ ਦੇ ਸਬੰਧ ਵਿਚ ਕੁਝ ਨੁਕਤੇ ਮੁੱਢਲੇ ਰੂਪ ਵਿਚ ਜਦੋਂ ਸਾਹਮਣੇ ਆਏ ਹਨ ਤਾਂ ਇਸਨੂੰ ਵਪਾਰਿਕ ਹਿਤ ਵਜੋਂ ਅਤੇ ਲੋਕ ਗਾਇਕੀ ਤੋਂ ਵੱਖਰੇ ਹੋਣ ਵਜੋਂ ਪਰਿਭਾਸ਼ਿਤ ਕੀਤਾ ਹੈ। ਇਹ ਗੱਲ ਤਾਂ ਬਿਲਕੁੱਲ ਦਰੁਸਤ ਹੈ ਪਰ ਇਸ ਪਾਪੂਲਰ ਗਾਇਕੀ ਨੂੰ ਰਹਿਤਲੀ ਪਛਾਣਾਂ ਦੇ ਪੱਖ ਤੋਂ ਵੇਖਣਾ ਬਣਦਾ ਹੈ। ਇਸ ਅੰਦਰਲੀ ਭਰਮ ਸਿਰਜਣਾ ਦਾ ਬਿਰਤਾਂਤ ਉਤਰ-ਆਧੁਨਿਕਤਾ ਦੀ ਤੰਦ 'ਹਾਈਪਰ ਰਾਇਲਟੀ' ਨਾਲ ਜੁੜਦਾ ਹੈ। ਇਸ ਗਾਇਕੀ ਨੇ ਜਿਹੜੀ ਸੱਤਾ ਦਾ ਬਿਰਤਾਂਤ ਸਥਾਪਿਤ ਕੀਤਾ ਉਸ ਵਿਚੋਂ ਪੰਜਾਬ ਖਲਨਾਇਕ ਵਜੋਂ ਪਰਿਭਾਸ਼ਿਤ ਹੋਇਆ ਹੈ। ਰਹਿਤਲ ਦੀ ਪਛਾਣ ਦੇ ਪੱਖ ਤੋਂ ਜਿਸ 'ਹਿੰਸਾ' ਦੀ ਗੱਲ ਹੋਣੀ ਚਾਹੀਦੀ ਸੀ ਉਸਨੂੰ ਰੱਦ ਕਰਕੇ ਜਿਹੜੀ 'ਹਿੰਸਾ' ਪਛਾਣ ਵਜੋਂ ਸਥਾਪਿਤ ਕੀਤੀ ਉਹ ਪਾਪੂਲਰ ਗਾਇਕੀ ਰਾਹੀਂ ਪੰਜਾਬ ਦੀ 'ਰਹਿਤਲੀ ਨਸਲਕੁਸ਼ੀ' ਹੈ। ਸੱਚਾਈ ਦੇ ਪੱਖ ਤੋਂ ਵੇਖੀਏ ਤਾਂ ਪੰਜਾਬ ਦਾ ਬਿਰਤਾਂਤ ਖ਼ਾਲਸ ਹੈ। ਜੇ ਇਹ ਹਿੰਸਕ ਹੁੰਦਾ ਵੀ ਹੈ ਤਾਂ ਉਸ ਹਿੰਸਾ ਦਾ ਸਰੂਪ ਦੋ ਬਿਰਤਾਂਤਾਂ ਦੀ ਆਪਸੀ ਖਿੱਚੋਤਾਣ ਵਿਚੋਂ ਸਮਝ ਆਉਂਦਾ ਹੈ। ਪੰਜਾਬ ਕੋਲ ਇਤਿਹਾਸ/ਪਰੰਪਰਾ ਦੀ ਚੇਤਨਾ ਵਿਚੋਂ ਮਿਲੀ ਹਿੰਸਾ, ਆਦਰਸ਼ ਦੀ ਹਿੰਸਾ ਹੈ। ਇਹ ਮੈਦਾਨੇ ਜੰਗ ਵੀ ਵਿਖਦੀ ਹੈ, ਖੇਡ ਮੈਦਾਨ ਵਿਚ ਵੀ। ਖੇਡ ਜਿਸ ਹਿੰਸਾ ਨੂੰ ਜਨਮਦੀ ਹੈ, ਉਹ ਸੁੱਚੀ ਤੇ ਸਾਲਮ ਹੈ। ਪੰਜਾਬ ਜਿਉਂਦਾ ਵੀ ਇਸੇ ਬਿਰਤਾਂਤ ਕਰਕੇ ਹੈ, ਵੱਖਰਾ ਵੀ ਇਸ ਕਰਕੇ ਹੈ। ਇਸ ਹਿੰਸਾ ਅੰਦਰਲਾ ਮਾਡਲ ਇਸ ਲੁਧਿਆਣਾ/ਬਠਿੰਡਾ/ਮੂਸੇਵਾਲਾ ਮਾਰਕਾ ਗਾਇਕੀ ਨੇ ਤੋੜਿਆ ਹੈ। ਸਮੱਸਿਆ ਇਹ ਹੈ ਕਿ ਯੰਗ ਏਜ ਅਤੇ ਕੁਝ ਚਿੰਤਕ ਇਸਨੂੰ ਆਦਰਸ਼ ਮੰਨਣ ਦੇ ਰਾਹ ਤੁਰ ਪਏ ਹਨ ਅਤੇ ਇਹ ਬਿਰਤਾਂਤ ਸਿਰਜ ਰਹੇ ਹਨ।

'ਦੇਹ ਦੀ ਪਛਾਣ' ਨੂੰ 'ਰਹਿਤਲੀ ਹੋਂਦ' ਵਾਲਾ ਝੂਠਾ ਬਿਰਤਾਂਤ ਸਿਰਜ ਕੇ ਕੁਝ ਚਿੰਤਕ ਦੇਹੀ ਸੈਲੀਬ੍ਰੇਸ਼ਨ ਰਾਹੀਂ ਯੂਥ ਨੂੰ ਨਾਲ ਜੋੜਨ ਦੀ ਲਾਲਸਾ ਰੱਖਦੇ ਹਨ। ਅਜਿਹਾ ਕਰਦਿਆਂ ਉਹ ਇਸ ਗੱਲ 'ਤੇ ਟਪਲਾ ਖਾ ਜਾਂਦੇ ਹਨ। ਇਹ 'ਸੈਲੀਬ੍ਰਿਟੀ ਦੇਹਾਂ' ਵੀ ਨਸਲਕੁਸ਼ੀ ਕਰ ਰਹੀਆਂ ਹਨ। ਇਸ ਬਿਰਤਾਂਤ ਦਾ ਰਾਹ ਸੱਤਾ ਵੱਲੋਂ ਕੀਤੀ ਜਾ ਰਹੀ ਨਸਲਕੁਸ਼ੀ ਦੇ ਸਮਾਂਨਾਤਰ ਚੱਲਦਾ ਹੈ। ਇਹ ਦਿਸਦੀ ਹਿੰਸਾ ਤੋਂ ਵੱਧ ਖਤਰਨਾਕ ਵਰਤਾਰਾ ਹੈ। ਇਹ ਹਿੰਸਾ ਏਨੀ ਸੂਖਮ ਹੈ ਕਿ ਇਹ ਬਿਰਤਾਂਤ ਕਾਲਪਨਿਕ ਨਾਇਕ ਸਿਰਜ ਦਿੰਦਾ ਹੈ। ਇਹ ਕਾਲਪਨਿਕ ਨਾਇਕ ਨੂੰ 'ਮਨ' ਨਾਇਕ ਮੰਨ ਬੈਠਦਾ ਹੈ। ਇਸ ਤੋਂ ਵੀ ਅਗਾਂਹ ਉਸਦੀ ਕੀਤੀ ਅਸਾਹਿਤਕ ਕਮੈਂਟਰੀ ਨੂੰ ਸੰਗੀਤ ਮੰਨਦਾ ਹੈ। ਅਜਿਹੀ ਥਾਂ 'ਤੇ ਆ ਕੇ ਚਿੰਤਨ ਵੀ ਇਸ ਵਿਚੋਂ ਦਲਿਤਾਂ ਅਤੇ ਕਾਲਿਆਂ ਦੀਆਂ ਰਮਜ਼ਾਂ ਲੱਭਣ ਤੁਰ ਪੈਂਦਾ ਹੈ। ਰੈਪ ਦਾ ਯਾਨਰ ਜਿਸ ਖਿੱਤੇ ਵਿਚ ਪੈਦਾ ਹੋਇਆ ਉਸਦਾ ਸੁਹਜ ਉਸ ਖਿੱਤੇ ਵਿਚੋਂ ਸਮਝ ਪੈਂਦਾ ਹੈ, ਸਾਡੀ ਗਾਇਕੀ ਜਦੋਂ ਇਸ ਨੂੰ ਆਪਣੇ ਅਨੁਸਾਰ ਢਾਲਦੀ ਹੈ ਤਾਂ ਉਸਦਾ ਸੁਹਜ ਖਤਮ ਕਰਦੀ ਹੈ। ਅਗਲੀ ਸਮੱਸਿਆ ਇਹ ਬਣਦੀ ਹੈ ਕਿ ਆਖਰੀ ਸਮਿਆਂ ਵਿਚ ਸਿੱਧੂ ਦਾ ਜਦੋਂ ਗੀਤ 'ਪਾਣੀਆਂ' ਦੇ ਸਬੰਧ ਵਿਚ ਆਉਂਦਾ ਹੈ ਤਾਂ ਉਸਨੂੰ ਕੁਝ ਧਿਰਾਂ ਪ੍ਰਵਾਨ ਕਰਦੀਆਂ ਹਨ ਇਹ ਪਾਪੂਲਰ ਕਲਚਰ ਦੇ ਦਾਬੇ ਦੀ ਵੱਡੀ ਸਿਆਸਤ ਹੈ ਕਿ ਪੰਜਾਬ ਆਪਣੀ ਪਛਾਣ ਦੀ ਥਾਂ ਪਾਪੂਲਰ ਗਾਇਕੀ ਵਿਚੋਂ ਆਪਣੀ ਰਹਿਤਲ ਦੀ ਪਛਾਣ ਦੇ ਨਕਸ਼ ਵੇਖ ਰਿਹਾ ਹੈ। ਉਦਾਹਰਨ ਲਈ ਇਥੇ ਇਕ ਗੱਲ ਦੱਸਣੀ ਬਣਦੀ ਹੈ - ਸੱਥ ਵਿਚ ਖੜ੍ਹਾ ਅਠਾਰਾਂ ਉੱਨੀ ਸਾਲਾਂ ਦਾ ਮੇਰਾ ਗੁਆਂਢੀ ਮੇਰੇ ਨਾਲ ਪੁਲਿਸ ਮੁਕਾਬਲੇ 'ਤੇ ਬਹਿਸ ਕਰ ਰਿਹਾ ਹੈ। ਅਖੀਰ ਜਦੋਂ ਮੈਂ ਉਸਨੂੰ ਮੁਕਾਬਲਿਆਂ ਦੀ 'ਰੀਐਲਟੀ' ਦੱਸਣ ਦੀ ਕੋਸ਼ਿਸ਼ ਕਰਦਾਂ ਤਾਂ ਉਹ ਇਹ ਕਹਿਕੇ ਮੈਨੂੰ ਉਥੋਂ ਤੁਰਨ ਲਈ ਮਜ਼ਬੂਰ ਕਰਦਾ ਹੈ ਕਿ ਉਹ ਗੱਲਾਂ ਪੁਰਾਣੀਆਂ ਹੋ ਗਈਆਂ। ਮਸਲਾ ਉਸ ਸਾਹਮਣੇ ਜਿਹੜੀ 'ਰੀਐਲਟੀ' ਘੜੀ ਗਈ, ਉਹ ਉਸ ਵਿਚੋਂ ਸਾਰੇ ਕੁਝ ਨੂੰ ਸਮਝ ਰਿਹਾ ਹੈ। ਉਸ ਲਈ ਪੰਜਾਬ ਨੂੰ ਸਮਝਣ ਦਾ ਸਰੋਤ ਪਾਪੂਲਰ ਗਾਇਕੀ ਹੈ। ਸਮਝ ਪੈਂਦਾ ਹੈ ਕਿ 'ਯੰਗ ਏਜ' ਦੇ ਮਨ ਨੂੰ ਸੱਤਾ ਗਾਇਕੀ ਦੇ 'ਗਲੈਮਰ'


ISSN : 2395-1273

ਜਿਸਨੂੰ ਸੱਤਾ ਦਾ ਬਿਰਤਾਂਤ ਕਿਹਾ ਜਾ ਸਕਦਾ ਹੈ, ਰਾਹੀਂ ਕਾਬੂ ਕਰਦੀ ਹੈ (ਇਸ ਨੂੰ ਗਲੈਮਰ ਦਾ ਬਿਰਤਾਂਤ ਕਿਹਾ ਜਾ ਸਕਦਾ ਹੈ)। ਉਹ 'ਹਕੀਕਤ' ਅਤੇ 'ਓਪਰੀ ਹਕੀਕਤ' ਦਾ ਫਰਕ ਨਹੀਂ ਸਮਝ ਰਹੇ। ਗਾਇਕੀ ਨੇ ਪੰਜਾਬ ਅੰਦਰਲਾ 'ਕਣ' ਖਤਮ ਕਰਨ ਦੀ ਵੱਡੀ ਭੂਮਿਕਾ ਨਿਭਾਈ ਹੈ। ਇਹ ਗੱਲ ਇੱਥੋਂ ਤਕ ਪਹੁੰਚ ਗਈ ਕਿ ਗਾਇਕੀ ਵਿਚ ਸਭ ਤੋਂ ਪ੍ਰਸਿੱਧ ਗਾਇਕ ਪੰਜਾਬੀਆਂ ਦਾ ਨਾਇਕ ਬਣ ਗਿਆ। ਸੱਤਾ ਦੀ ਧਿਰ ਨਵੇਂ ਸੰਕਲਪ ਉਸਾਰਦੀ ਹੈ। 'ਵੈਲੀ' ਅਤੇ 'ਗੈਂਗਸਟਰ' ਵੇਖਣ ਨੂੰ ਦੋ ਲਫ਼ਜ਼ ਹਨ। ਇਨ੍ਹਾਂ ਦੇ ਬਿਰਤਾਂਤ ਵੱਖ ਵੱਖ ਹਨ। ਪੰਜਾਬ ਅੰਦਰ ਜਿਹੜਾ ਕਣ ਹੈ, ਉਹ ਗੈਂਗਸਟਰ ਰਾਹੀਂ ਸਮਝਿਆ ਨਹੀਂ ਜਾ ਸਕਦਾ। ਇਹ ਲਫ਼ਜ਼ ਸੱਤਾ ਦਾ ਘੜਿਆ ਹੈ। ਲੋਕ-ਮਨ ਅੰਦਰ ਇਹ 'ਡਰ' ਪੈਦਾ ਕਰਦਾ ਹੈ। ਜਿਵੇਂ ਚੁਰਾਸੀ ਵਿਚ ਬਲਿਊ ਸਟਾਰ, ਅੱਤਵਾਦ ਅਤੇ ਦੰਗੇ ਇਹ ਸਾਰਾ ਕੁੱਝ ਘੜਿਆ ਗਿਆ। ਲੋਕ-ਮਨ ਅੰਦਰ 'ਖਾੜਕੂ' ਲ਼ਫ਼ਜ਼ ਖਾਸ ਤਰ੍ਹਾਂ ਦੇ ਮਾਇਨੇ ਰੱਖਦਾ ਹੈ। ਗੈਂਗਸਟਰ ਸੁਣਦਿਆਂ ਲੱਗਦਾ ਹੈ ਇਹਨੂੰ ਮਾਰਿਆ ਕਿਉਂ ਨਹੀਂ ਜਾਂਦਾ। ਇਹ ਲ਼ਫ਼ਜ਼ ਦੇ ਬਿਰਤਾਂਤ ਦੀ ਸ਼ਕਤੀ ਹੈ ਕਿ ਅਸੀਂ ਇਹ ਨਹੀਂ ਕਹਿੰਦੇ ਕਿ ਇਸ ਤਰ੍ਹਾਂ ਦੇ ਬੰਦੇ ਨੂੰ ਸੁਧਾਰਿਆ ਕਿਉਂ ਨ੍ਹੀਂ ਜਾਂਦਾ। ਪੰਜਾਬ ਨੇ ਜਿਸ ਸੰਗੀਤ ਵਿਚੋਂ ਪਰਿਭਾਸ਼ਿਤ ਹੋਣਾ ਹੈ, ਉਹ ਸੰਗੀਤ ਇਹ ਲੁਧਿਆਣਾ/ਬਠਿੰਡਾ/ਮੂਸੇਵਾਲਾ ਮਾਰਕਾ ਸੰਗੀਤ ਨਹੀਂ। ਉਹ ਸੰਗੀਤ ਹੋਰ ਹੈ ਜਿਸ ਤੋਂ ਸਾਨੂੰ ਕੋਹਾਂ ਦੂਰ ਕਰ ਦਿੱਤਾ ਗਿਆ ਹੈ।

ਪਿਛਲੀ ਸਦੀ ਵਿਚ ਪੰਜਾਬ ਮੈਦਾਨੇ ਜੰਗ 'ਗੌਰਵ' ਲਈ ਲੜਿਆ ਹੈ। ਇਹ 'ਗੌਰਵ' ਇਸ ਸਦੀ ਵਿਚ 'ਸ਼ੌਹਰਤ' ਵਿਚ ਬਦਲਿਆ ਹੈ। 'ਗੌਰਵ' ਜਿਉਂਦੇ ਰੱਖਦਾ ਹੈ, ਸ਼ੌਹਰਤ 'ਗੁਲਾਮ' ਬਣਨ ਦਾ ਰਾਹ ਪੱਧਰਾ ਕਰਦੀ ਹੈ। ਇਸ ਬਦਲਾਅ ਦੇ ਪਿੱਛੇ ਜਿਹੜੀ ਸੱਤਾ ਕੰਮ ਕਰਦੀ ਹੈ, ਉਹ ਨੱਬੇ ਤੋਂ ਬਾਅਦ ਲੋਕ-ਮਨ ਨੂੰ ਘੜਨਾ ਸ਼ੁਰੂ ਕਰਦੀ ਹੈ। ਪੰਜਾਬ ਦੀ ਨੱਬੇ ਤੋਂ ਬਾਅਦ ਦੀ 'ਰੀਐਲਟੀ' ਕੁਝ ਹੋਰ ਹੈ ਪਰ ਸੱਤਾ ਜਿਨ੍ਹਾਂ ਸਾਧਨਾਂ ’ਤੇ ਕਾਬਜ਼ ਹੁੰਦੀ ਹੈ ਉਨ੍ਹਾਂ ਰਾਹੀਂ 'ਬਿਰਤਾਂਤ/ਰੀਐਲਟੀ' ਘੜਦੀ ਹੈ। ਇਸ ਸਦੀ ਦੇ ਤੀਜੇ ਦਹਾਕੇ ਦੀ 'ਯੰਗ ਏਜ' ਪੰਜਾਬ ਨੂੰ ਘੜੀ ਹੋਈ 'ਰੀਐਲਟੀ' ਵਿਚੋਂ ਵੇਖਦੀ ਹੈ। ਅਜਿਹੀ ਸਥਿਤੀ ਵਿਚ ਉਸਦਾ ਪੰਜਾਬ ਤੋਂ ਮੋਹ ਭੰਗ ਹੋ ਗਿਆ ਹੈ। ਦੂਜਾ ਗਾਇਕੀ ਵਿਚ ਪੇਸ਼ 'ਗੰਨ ਕਲਚਰ' 'ਅਸਭਿਅਕ ਭਾਸ਼ਾ' 'ਨੰਗੇਜ ਵੀਡੀਓ' ਰਾਹੀਂ ਉਸ ਸਾਹਮਣੇ ਜਿਹੜਾ ਨਾਇਕਤਵ ਪੇਸ਼ ਕੀਤਾ, ਉਸਨੂੰ 'ਯੰਗ ਏਜ' ਨੇ ਮੰਨ ਲਿਆ। ਇਹ ਜਿਸ ਤਰ੍ਹਾਂ ਦਾ ਵਿਖਾਇਆ ਜਾਂਦਾ ਹੈ ਉਸ ਰਾਹੀਂ 'ਯੰਗ ਏਜ' ਜਸ਼ਨ ਵਿਚ ਡੁੱਬਦੀ ਹੈ। ਇਹ ਸੱਤਾ ਦੀ 'ਪਾਵਰ' ਹੈ ਕਿ ਉਹ ਆਪਣੇ ਸਾਧਨਾਂ ਰਾਹੀਂ ਮਨ ਨੂੰ ਤਬਦੀਲ ਕਰਨ ਵਿਚ ਕਾਬਜ਼ ਹੋਈ। ਇਸੇ ਪ੍ਰਸੰਗ ਵਿਚੋਂ ਉਸਨੇ ਕਿਤਾਬ ਦੇ ਦੇਹੀ ਰੂਪ ਤੋਂ ਦੂਰ ਕਰਕੇ 'ਯੰਗ ਏਜ' ਨੂੰ ਆਨਲਾਈਨ ਮਾਧਿਅਮ ਨਾਲ ਜੋੜਿਆ ਹੈ।

## ਹਵਾਲੇ ਅਤੇ ਟਿੱਪਣੀਆਂ


1. ਗੁਰਭਗਤ ਸਿੰਘ, **ਵਿਸਮਾਦੀ ਪੂੰਜੀ**, ਪੰਨਾ 13-14.
2. **ਉਹੀ**, ਪੰਨਾ 14.
3. ਗੁਰਭਗਤ ਸਿੰਘ, **ਉਤਰ-ਆਧੁਨਿਕਤਾਵਾਦ**, ਪੰਨਾ - 12.